# ਨੈਸ਼ਨਲ ਕੇਅਰ ਸਟੈਂਡਰਡਜ਼ (ਕੌਮੀ ਦੇਖਭਾਲ ਮਿਆਰ)

**PUNJABI**

**Housing for Older People Newsletter**

ਬਜ਼ੁਰਗ ਵਿਅਕਤੀਆਂ ਲਈ ਆਵਾਸ
(ਪੰਜਾਬੀ) ਨਿਊਜ਼ਲੈਟਰ

ਅੰਕ 6
ਜੁਲਾਈ 2003

ਕੌਮੀ ਦੇਖਭਾਲ ਮਿਆਰ

ਅੰਦਰ...
ਕੇਅਰ ਕਮਿਸ਼ਨ ਬਾਰੇ
ਵੀਡੀਓ ਲਾਂਚ
ਪੈਨਸ਼ਨ ਕ੍ਰੈਡਿਟ

## ਕੇਅਰ ਸਟੈਂਡਰਡਜ਼ ਐਂਡ ਸਪਾਨਸਰਸ਼ਿਪ ਬ੍ਰਾਂਚ ਦਾ ਸੰਦੇਸ਼

### ਸਕਾਟਿਸ਼ ਐਗਜ਼ੈਕਟਿਵ ਸਿਹਤ ਵਿਭਾਗ

ਦੇਖਭਾਲ ਨੂੰ ਨਿਯਮਤ ਕਰਨ ਦੇ (ਸਕਾਟਲੈਂਡ) ਐਕਟ 2001 [The Regulation of Care (Scotland) Act 2001] ਦੇ ਤਹਿਤ ਦੇਖਭਾਲ ਨੂੰ ਨਿਯਮਤ ਕਰਨ ਲਈ ਸਕਾਟਿਸ਼ ਕਮਿਸ਼ਨ (ਕੇਅਰ ਕਮਿਸ਼ਨ) ਸਥਾਪਤ ਕੀਤਾ ਗਿਆ, ਜਿਸਨੂੰ ਸਕਾਟਲੈਂਡ ਭਰ ਵਿਚ ਦੇਖਭਾਲ ਸੇਵਾਵਾਂ ਲਈ ਨਵਾਂ ਨਿਯੰਤ੍ਰਕ ਢਾਂਚਾ ਤਿਆਰ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ।

ਇਸ ਐਕਟ ਹੇਠ ਸਕਾਟਿਸ਼ ਮੰਤਰੀਆਂ ਨੂੰ ਕਿਹਾ ਗਿਆ ਕਿ ਉਹ ਐਕਟ ਦੇ ਤਹਿਤ ਕੇਅਰ ਕਮਿਸ਼ਨ ਵਲੋਂ ਨਿਯਮਤ ਕੀਤੀਆਂ ਜਾਂਦੀਆਂ ਸਾਰੀਆਂ ਦੇਖਭਾਲ ਸੇਵਾਵਾਂ ਲਈ ਕੌਮੀ ਮਿਆਰ ਤਿਆਰ ਕਰਨ ਅਤੇ ਪ੍ਰਕਾਸ਼ਤ ਕਰਨ। ਮੰਤਰੀਆਂ ਵਲੋਂ ਦੇਖਭਾਲ ਦੇ ਕੌਮੀ ਮਿਆਰਾਂ ਸੰਬੰਧੀ ਕਮੇਟੀ ਕਾਇਮ ਕੀਤੀ ਗਈ, ਤਾਂ ਜੋ ਉਹ ਇਨ੍ਹਾਂ ਸੇਵਾਵਾਂ ਦੀ ਵਰਤੋਂ ਕਰਨ ਵਾਲਿਆਂ ਸਮੇਤ ਬਹੁਤ ਸਾਰੇ ਸੰਬੰਧਤ ਵਿਅਕਤੀਆਂ ਦੇ ਮਸ਼ਵਰੇ ਨਾਲ ਮਿਆਰ ਤੈਅ ਕਰ ਸਕੇ।

ਵਰਤੋਂਕਾਰਾਂ ਦੇ ਬਹੁਤ ਸਾਰੇ ਗਰੁੱਪਾਂ ਲਈ ਹੁਣ ਤਕ ਮਿਆਰਾਂ ਦੇ 19 ਸੈੱਟ ਪ੍ਰਕਾਸ਼ਤ ਕੀਤੇ ਗਏ ਹਨ। ਇਨ੍ਹਾਂ 'ਚੋਂ ਇਕ ਸੈੱਟ ਦਾ ਸੰਬੰਧ ਆਵਾਸ ਸਮਰਥਨ ਸੇਵਾਵਾਂ ਨਾਲ ਹੈ (ਜਿਨ੍ਹਾਂ ਦੀ ਵਿਆਖਿਆ ਵਿਚ ਸੁਰੱਖਿਅਤ ਆਵਾਸ ਅਤੇ ਬੇਘਰ ਵਿਅਕਤੀਆਂ ਲਈ ਹੋਸਟਲਾਂ ਵਰਗੀਆਂ ਸੇਵਾਵਾਂ ਸ਼ਾਮਲ ਹਨ)।

ਕੌਮੀ ਦੇਖਭਾਲ ਮਿਆਰ ਇਕ ਨਾਗਰਿਕ ਵਜੋਂ ਤੁਹਾਨੂੰ ਪ੍ਰਾਪਤ ਪ੍ਰਵਾਨਤ ਅਧਿਕਾਰਾਂ ਨੂੰ ਦਰਸਾਉਣ ਵਾਲੇ ਅਸੂਲਾਂ 'ਤੇ ਆਧਾਰ ਹਨ। ਇਨ੍ਹਾਂ ਅਸੂਲਾਂ ਵਿਚ ਗੌਰਵ, ਗੁਪਤਤਾ, ਪਸੰਦ, ਬਰਾਬਰੀ ਅਤੇ ਵਿਭਿੰਨਤਾ ਸ਼ਾਮਲ ਹਨ। ਸਾਰੇ ਮਿਆਰ ਵਰਤੋਂਕਾਰ ਦੇ ਦ੍ਰਿਸ਼ਟੀਕੋਣ ਤੋਂ ਲਿਖੇ ਗਏ ਹਨ ਅਤੇ ਉਸ ਵਲੋਂ ਵਰਤੀ ਜਾਂਦੀ ਸੇਵਾ ਦੇ ਵਖ-ਵਖ ਪੜਾਵਾਂ ਦਾ ਵਰਣਨ ਹੈ। ਜਿਹੜੇ ਲੋਕ ਇਸ ਵੇਲੇ ਦੇਖਭਾਲ ਸੇਵਾਵਾਂ ਦੀ ਵਰਤੋਂ ਕਰ ਰਹੇ ਹਨ, ਜਾਂ ਜਿਨ੍ਹਾਂ ਦਾ ਭਵਿਖ ਵਿਚ ਇਨ੍ਹਾਂ ਦੀ ਵਰਤੋਂ ਕਰਨ ਦਾ ਇਰਾਦਾ ਹੈ, ਉਨ੍ਹਾਂ ਲਈ ਇਹ ਮਿਆਰ ਇਕ ਕਾਰਾਮਦ ਹਵਾਲਾ ਹੋਵੇਗਾ। ਲੋਕਾਂ ਨੂੰ ਇਨ੍ਹਾਂ ਤੋਂ ਫ਼ੈਸਲੇ ਕਰਨ ਵਿਚ ਮਦਦ ਮਿਲ ਸਕਦੀ ਹੈ। ਜੇ ਕਿਤੇ ਕੁਝ ਗਲਤ ਹੁੰਦਾ ਹੈ ਤਾਂ ਮਿਆਰਾਂ ਵਿਚ ਦਸਿਆ ਗਿਆ ਹੈ ਕਿ ਕਿਵੇਂ ਚਿੰਤਾ ਦਾ ਮਾਮਲਾ ਉਠਾਇਆ ਜਾ ਸਕਦਾ ਹੈ ਜਾਂ ਸ਼ਿਕਾਇਤ ਕੀਤੀ ਜਾ ਸਕਦੀ ਹੈ।

ਕੌਮੀ ਦੇਖਭਾਲ ਮਿਆਰਾਂ ਦੀਆਂ ਕਾਪੀਆਂ ਮੁੱਖ ਲਾਇਬ੍ਰੇਰੀਆਂ, ਸੇਵਾ ਪ੍ਰਦਾਨ ਕਰਨ ਵਾਲਿਆਂ ਕੋਲ ਅਤੇ www.scotland.gov.uk/standardandsponsorship 'ਤੇ ਆਨਲਾਈਨ ਉਪਲਬਧ ਹਨ। ਇਹ ਨਿਮਨਲਿਖਿਤ ਪਤੇ ਤੋਂ ਵੀ ਪ੍ਰਾਪਤੀ ਕੀਤੀਆਂ ਜਾ ਸਕਦੀਆਂ ਹਨ :

The Stationery Office
71 Lothian Road
Edinburgh EH3 9AZ
ਫ਼ੋਨ : 0870 606 5566
ਕੀਮਤ : £5.00 ਪ੍ਰਤੀ ਕਾਪੀ

ਕੇਅਰ ਕਮਿਸ਼ਨ ਦੇਖਭਾਲ ਸੇਵਾਵਾਂ ਨੂੰ ਨਿਯਮਬੱਧ ਕਰਨ ਲਈ ਜ਼ਿੰਮੇਵਾਰ ਹੈ। ਇਹ ਭੂਮਿਕਾ ਅਦਾ ਕਰਨ ਵੇਲੇ ਕਮਿਸ਼ਨ ਨੂੰ ਕੌਮੀ ਦੇਖਭਾਲ ਮਿਆਰਾਂ ਨੂੰ ਜ਼ਰੂਰ ਧਿਆਨ ਵਿਚ ਰਖਣਾ ਚਾਹੀਦਾ ਹੈ। ਇਹ ਦੇਖਭਾਲ ਸੇਵਾਵਾਂ ਸੰਬੰਧੀ ਸ਼ਿਕਾਇਤਾਂ ਨਾਲ ਵੀ ਨਜਿੱਠਦਾ ਹੈ।

1 ਅਪਰੈਲ, 2003 ਤੋਂ ਇਹ ਜ਼ਰੂਰੀ ਬਣਾ ਦਿੱਤਾ ਗਿਆ ਹੈ ਕਿ ਆਵਾਸ ਸਮਰਥਨ ਸੇਵਾਵਾਂ ਕੇਅਰ ਕਮਿਸ਼ਨ ਕੋਲ ਰਜਿਸਟਰ ਕਰਵਾਈਆਂ ਜਾਣ ਅਤੇ ਕਮਿਸ਼ਨ ਉਨ੍ਹਾਂ ਨੂੰ ਨਿਯਮਤ ਕਰੇ।

KIRK care HOUSING

HANOVER SCOTLAND

BIELD INDEPENDENCE FOR OLDER PEOPLE

This Newsletter is also available in Chinese, Punjabi, Urdu and Hindi.

# ਦੇਖਭਾਲ ਕਮਿਸ਼ਨ ਅਤੇ ਕੌਮੀ ਦੇਖਭਾਲ ਮਿਆਰ

ਕੇਅਰ ਕਮਿਸ਼ਨ ਅਪਰੈਲ 2002 ਵਿਚ ਸਕਾਟਿਸ਼ ਪਾਰਲੀਮੈਂਟ ਦੇ ਇਕ ਐਕਟ ਤਹਿਤ ਸਥਾਪਤ ਕੀਤਾ ਗਿਆ। ਇਹ ਸਕਾਟਲੈਂਡ ਵਿਚ ਦੇਖਭਾਲ ਸੇਵਾਵਾਂ ਨੂੰ ਨਿਯਮਤ ਕਰਨ ਲਈ ਜ਼ਿੰਮੇਵਾਰ ਇਕ ਕੌਮੀ ਸੰਸਥਾ ਹੈ।

## ਕੇਅਰ ਕਮਿਸ਼ਨ ਦੇ ਕੀ ਕੰਮ ਹਨ ?

ਕਾਨੂੰਨ ਵਿਚ ਕਿਹਾ ਗਿਆ ਹੈ ਕਿ ਕੇਅਰ ਕਮਿਸ਼ਨ ਨੂੰ ਸਕਾਟਲੈਂਡ ਵਿਚ ਦੇਖਭਾਲ ਸੇਵਾਵਾਂ ਨੂੰ ਜ਼ਰੂਰੀ ਤੌਰ 'ਤੇ ਰਜਿਸਟਰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਦਾ ਮੁਆਇਨਾ ਕਰਨਾ ਚਾਹੀਦਾ ਹੈ।
ਇਨ੍ਹਾਂ ਸੇਵਾਵਾਂ ਵਿਚ ਸ਼ਾਮਲ ਹਨ :
ਕੇਅਰ ਹੋਮਜ਼ (Care homes)
ਬੱਚਿਆਂ ਦੇ ਦੇਖਭਾਲ ਕਰਤਾ (Childminders)
ਡੇਅ ਸੈਂਟਰ (Day Centres) ਅਤੇ ਸੇਵਾਵਾਂ ਜਿਹੜੀਆਂ ਲੋਕਾਂ ਨੂੰ ਆਪਣੇ ਘਰਾਂ ਦੇ ਅੰਦਰ ਸ਼ਰਣ ਦੇ ਯੋਗ ਬਣਾਉਂਦੇ ਹਨ।

ਕੇਅਰ ਕਮਿਸ਼ਨ ਇਹ ਯਕੀਨੀ ਬਨਾਉਣ ਵਿਚ ਮਦਦ ਦਿੰਦਾ ਹੈ ਕਿ ਦੇਖਭਾਲ ਸੇਵਾਵਾਂ ਦੀ ਵਰਤੋਂ ਕਰਨ ਵਾਲੇ ਮਹਿਫ਼ੂਜ਼ ਹੋਣ, ਉਨ੍ਹਾਂ ਦੀ ਰਖਿਆ ਕੀਤੀ ਜਾਏ, ਅਤੇ ਉਨ੍ਹਾਂ ਵਲੋਂ ਵਰਤੀਆਂ ਜਾਂਦੀਆਂ ਸੇਵਾਵਾਂ ਕਾਨੂੰਨ ਅਤੇ ਕੌਮੀ ਦੇਖਭਾਲ ਮਿਆਰਾਂ ਦੇ ਅਨੁਕੂਲ ਹੋਣ। ਅਜਿਹਾ ਕਰਨ ਲਈ ਅਸੀਂ ਇਨ੍ਹਾਂ ਸੇਵਾਵਾਂ ਦਾ ਮੁਆਇਨਾ ਕਰਦੇ ਹਾਂ।

## ਇਸਦਾ ਤੁਹਾਡੇ 'ਤੇ ਕਿਵੇਂ ਅਸਰ ਪੈਂਦਾ ਹੈ ?

ਕੌਮੀ ਦੇਖਭਾਲ ਮਿਆਰਾਂ ਵਿਚ ਦਸਿਆ ਗਿਆ ਹੈ ਕਿ ਕਿਸੇ ਸੇਵਾ ਦੀ ਵਰਤੋਂ ਕਰਨ 'ਤੇ ਕੀ ਹੁੰਦਾ ਹੈ। ਇਨ੍ਹਾਂ ਮਿਆਰਾਂ ਦਾ ਉਦੇਸ਼ ਇਹ ਹੈ ਕਿ ਤੁਸੀਂ ਸਕਾਟਲੈਂਡ ਵਿਚ ਭਾਵੇਂ ਕਿਸੇ ਵੀ ਥਾਂ ਰਹਿ ਰਹੇ ਹੋ, ਤੁਹਾਨੂੰ ਪ੍ਰਾਪਤ ਦੇਖਭਾਲ ਅਤੇ ਸਮਰਥਨ ਦੀ ਪੱਧਰ ਉੱਚੀ ਕਰਕੇ ਤੁਹਾਡੇ ਜੀਵਨ ਦੀ ਕੁਆਲਿਟੀ ਨੂੰ ਬਿਹਤਰ ਬਣਾਇਆ ਜਾਵੇ।

ਜਦੋਂ ਕੋਈ ਸੇਵਾ ਕੇਅਰ ਕਮਿਸ਼ਨ ਕੋਲ ਰਜਿਸਟਰ ਕਰਾਈ ਜਾਂਦੀ ਹੈ ਤਾਂ ਅਸੀਂ ਉਸਨੂੰ ਇਕ ਸਰਟੀਫ਼ਿਕੇਟ ਦਿੰਦੇ ਹਾਂ। ਤੁਸੀਂ ਆਪਣੇ ਨਾਲ ਸੰਬੰਧਤ ਸੇਵਾ ਦੇ ਸਥਾਨ 'ਤੇ ਪ੍ਰਦਰਸ਼ਤ ਕੀਤਾ ਗਿਆ ਇਹ ਸਰਟੀਫ਼ਿਕੇਟ ਵੇਖ ਸਕਦੇ ਹੋ। ਅਸੀਂ ਇਹ ਯਕੀਨੀ ਬਣਾਉਣ ਲਈ ਸੇਵਾਵਾਂ ਦਾ ਮੁਆਇਨਾ ਕਰਦੇ ਹਾਂ ਕਿ ਉਹ ਕਾਨੂੰਨ ਅਤੇ ਕੌਮੀ ਦੇਖਭਾਲ ਮਿਆਰਾਂ ਦੇ ਅਨੁਕੂਲ ਹੋਣ।

ਤੁਸੀਂ ਵੀ ਇਨ੍ਹਾਂ ਮੁਆਇਨਿਆਂ ਵਿਚ ਹਿੱਸਾ ਲੈ ਸਕਦੇ ਹੋ। ਜਦੋਂ ਕੇਅਰ ਕਮਿਸ਼ਨ ਦੇ ਅਧਿਕਾਰੀ ਤੁਹਾਡੇ ਨਾਲ ਸੰਬੰਧਤ ਸੇਵਾ ਦਾ ਮੁਆਇਨਾ ਕਰਦੇ ਹਨ, ਤਾਂ ਉਹ ਤੁਹਾਡੇ ਵਿਚਾਰ ਸੁਣਨਾ ਚਾਹੁਣਗੇ। ਇਸ ਮਨੋਰਥ ਲਈ ਉਹ ਤੁਹਾਡੇ ਵਾਲੀ ਸੇਵਾ ਦੀ ਵਰਤੋਂ ਕਰਨ ਵਾਲੇ ਵਿਅਕਤੀਆਂ ਦੇ ਇਕ ਗਰੁੱਪ ਨੂੰ ਮਿਲ ਸਕਦੇ ਹਨ ਜਾਂ ਤੁਹਾਨੂੰ ਇਕ ਸਵਾਲਨਾਮਾ ਭਰਨ ਲਈ ਕਹਿ ਸਕਦੇ ਹਨ। ਮੁਆਇਨਾ ਖ਼ਤਮ ਹੋ ਜਾਣ 'ਤੇ ਅਸੀਂ ਰਿਪੋਰਟ ਲਿਖਾਂਗੇ ਅਤੇ ਤੁਸੀਂ ਆਪਣੇ ਸੇਵਾ ਪ੍ਰਦਾਨ ਕਰਨ ਵਾਲੇ ਨੂੰ ਕਹਿ ਕੇ ਇਸ ਰਿਪੋਰਟ ਦੀ ਕਾਪੀ ਵੇਖ ਸਕਦੇ ਹੋ। ਰਿਪੋਰਟ ਵਿਚ ਦਸਿਆ ਜਾਏਗਾ ਕਿ ਮੁਆਇਨਾ ਕਿਸ ਤਰ੍ਹਾਂ ਦਾ ਰਿਹਾ, ਸੇਵਾ ਦੀਆਂ ਦੀ ਗੱਲਾਂ ਚੰਗੀਆਂ ਹਨ ਅਤੇ ਕਿੱਥੇ ਸੁਧਾਰ ਦੀ ਜ਼ਰੂਰਤ ਹੈ।

ਕੇਅਰ ਕਮਿਸ਼ਨ ਤੁਹਾਡੀ ਚਿੰਤਾ ਦੇ ਮਾਮਲਿਆਂ ਨੂੰ ਹਮੇਸ਼ਾ ਧਿਆਨ ਨਾਲ ਸੁਣੇਗਾ। ਜੇ ਤੁਹਾਨੂੰ ਆਪਣੀ ਵਾਲੀ ਸੇਵਾ ਬਾਰੇ ਕੋਈ ਚਿੰਤਾਵਾਂ ਹਨ ਤਾਂ ਤੁਸੀਂ ਸੇਵਾ ਪ੍ਰਦਾਨ ਕਰਨ ਵਾਲੇ ਕੋਲ ਸ਼ਿਕਾਇਤ ਕਰ ਸਕਦੇ ਹੋ। ਜਾਂ ਤੁਸੀਂ ਸ਼ਿਕਾਇਤ ਕਰਨ ਲਈ ਕੇਅਰ ਕਮਿਸ਼ਨ ਨਾਲ ਸੰਪਰਕ ਕਰ ਸਕਦੇ ਹੋ ਅਤੇ ਅਸੀਂ ਇਹਦੀ ਜਾਂਚ ਕਰਾਂਗੇ।

## ਜੇ ਤੁਹਾਨੂੰ ਪ੍ਰਾਪਤ ਸੇਵਾ ਖ਼ਰਾਬ ਹੈ ਤਾਂ ਕੇਅਰ ਕਮਿਸ਼ਨ ਕੀ ਕਰ ਸਕਦਾ ਹੈ ?

ਕੇਅਰ ਕਮਿਸ਼ਨ ਨੂੰ ਪ੍ਰਾਪਤ ਕਾਨੂੰਨੀ ਅਖ਼ਤਿਆਰਾਂ ਨਾਲ ਇਹ ਯਕੀਨੀ ਬਣਾਉਣ ਵਿਚ ਮਦਦ ਮਿਲ ਸਕਦੀ ਹੈ ਕਿ ਜੇ ਕੋਈ ਸਮੱਸਿਆਵਾਂ ਹੋਣ ਤਾਂ ਸੇਵਾ ਪ੍ਰਦਾਨ ਕਰਨ ਵਾਲੇ ਆਪਣੀ ਸੇਵਾ ਵਿਚ ਪਰਿਵਰਤਨ ਕਰਨ। ਫਿਰ ਕਮਿਸ਼ਨ ਇਹ ਪੱਕ ਕਰਨ ਲਈ ਚੈਕ ਕਰੇਗਾ ਕਿ ਕੀ ਪਰਿਵਤਨ ਕੀਤੇ ਗਏ ਹਨ। ਕੇਅਰ ਕਮਿਸ਼ਨ ਸੇਵਾ ਨੂੰ ਬਿਹਤਰ ਬਣਾਉਣ ਲਈ ਅਤੇ ਚੰਗੇ ਦਸਤੂਰਾਂ ਬਾਰੇ ਸੁਝਾਅ ਦੇ ਸਕਦਾ ਹੈ।

ਕੇਅਰ ਕਮਿਸ਼ਨ ਅਤੇ ਕੌਮੀ ਦੇਖਭਾਲ ਮਿਆਰਾਂ ਦਾ ਉਦੇਸ਼ ਇਹ ਪੱਕਾ ਕਰਨਾ ਹੈ ਕਿ ਕਿਸੇ ਸੇਵਾ ਨੂੰ ਉਸਦੀ ਵਰਤੋਂ ਕਰਨ ਵਾਲੇ ਸਾਰੇ ਵਿਅਕਤੀਆਂ ਲਈ ਬਿਹਤਰ ਬਣਾਇਆ ਜਾਵੇ।

ਤੁਸੀਂ ਸਾਡੇ ਲੀਫ਼ਲੈਟਾਂ ਵਿਚੋਂ ਕੋਈ ਇਕ ਪ੍ਰਾਪਤ ਕਰਨ ਲਈ ਜਾਂ ਇਹ ਪਤਾ ਲਾਉਣ ਲਈ ਕਿ ਸਥਾਨਕ ਦਫ਼ਤਰ ਕਿੱਥੇ ਹੈ, ਦੇਖੋ ਸਾਡੀ ਵੈਬਸਾਈਟ www.carecommission.com ਜਾਂ 0845 6030890 'ਤੇ ਫ਼ੋਨ ਕਰੋ।



# ਵੀਡੀਓ ਲਾਂਚ

ਕਰਕ ਕੇਅਰ (Kirk Care), ਹੈਨੋਵਰ (ਸਕਾਟਲੈਂਡ) ਅਤੇ ਬੀਲਡ ਹਾਉਸਿੰਗ ਐਸੋਸੀਏਸ਼ਨਜ਼ (Bield Housing Associations) ਨੇ ਕਾਲੇ ਅਤੇ ਘਟ ਗਿਣਤੀ ਵਾਲੀਆਂ ਨਸਲੀ ਭਾਈਚਾਰਿਆਂ ਦੇ ਬਜ਼ੁਰਗ ਵਿਅਕਤੀਆਂ ਵਿਚ ਆਪਣੀਆਂ ਆਵਾਸ ਅਤੇ ਸਮਰਥਨ ਸੇਵਾਵਾਂ ਦੇ ਪ੍ਰਸਾਰ ਲਈ 23 ਮਿੰਟ ਦੀ ਇਕ ਵੀਡੀਓ ਤਿਆਰ ਕੀਤੀ ਹੈ।

ਇਸ ਵਿਚ ਸੁਰੱਖਿਅਤ ਆਵਾਸ ਦੇ ਫ਼ਾਇਦੇ ਦਰਸ਼ਾਏ ਹਨ, ਜਿਵੇਂ ਕਿ ਸਥਾਨ 'ਤੇ ਸਟਾਫ਼ ਦਾ ਸਮਰਥਨ, ਪੂਰੇ ਮਕਾਨ ਵਿਚ ਹੀਟਿੰਗ, ਬਜ਼ੁਰਗ ਵਿਅਕਤੀਆਂ ਦੀਆਂ ਲੋੜਾਂ ਅਨੁਸਾਰ ਆਵਾਸ ਦੇ ਵਿਸ਼ੇਸ਼ ਡਿਜ਼ਾਈਨ, ਸਹੂਲਤਾਂ ਦਾ ਨੇੜੇ ਉਪਲਬਧ ਹੋਣਾ, ਸੰਗ ਸਾਥ, ਭਾਸ਼ਾ ਦੀਆਂ ਸੀਮਾ ਦੂਰ ਕਰਨੀਆਂ, ਆਮ ਸਮਰਥਨ ਅਤੇ ਸਵਾਧੀਨਤਾ। ਇਹ ਸਭ ਕੁਝ ਵੀਡੀਓ ਵਿਚ ਸਪੱਸ਼ਟ ਰੂਪ ਵਿਚ ਵਿਖਾਇਆ ਗਿਆ ਹੈ।

ਇਸ ਵਿਚ ਭਾਗ ਲੈਣ ਵਾਲੇ ਕਾਲੇ ਅਤੇ ਘਟ ਗਿਣਤੀ ਵਾਲੀਆਂ ਨਸਲੀ ਕਮਿਊਨਿਟੀਆਂ ਦੇ ਵਿਅਕਤੀਆਂ ਨੇ, ਜੋ ਪਹਿਲਾਂ ਹੀ ਸੁਰੱਖਿਅਤ ਆਵਾਸ ਵਿਚ ਰਹਿ ਰਹੇ ਹਨ, ਬਿਆਨ ਕੀਤਾ ਹੈ ਕਿ ਸੁਰੱਖਿਅਤ ਆਵਾਸ ਵਿਚ ਆਉਣ ਤੋਂ ਬਾਅਦ ਕਿਵੇਂ ਉਨ੍ਹਾਂ ਦੀ ਜ਼ਿੰਦਗੀ ਬਿਹਤਰ ਹੋ ਗਈ ਹੈ ਅਤੇ ਉਨ੍ਹਾਂ ਅੰਦਰ ਸੁਰੱਖਿਅਤਾ ਦੀ ਭਾਵਨਾ ਆ ਗਈ ਹੈ ਅਤੇ ਉਹ ਸੰਤੁਸ਼ਟ ਮਹਿਸੂਸ ਕਰਦੇ ਹਨ।

ਵੀਡੀਓ ਵਿਚ ਵਾਚਕ ਉਘੇ ਫ਼ਿਲਮ ਅਤੇ ਟੀਵੀ ਕਲਾਕਾਰ ਸਈਦ ਜਾਫ਼ਰੀ (Saeed Jaffrey) ਹਨ ਅਤੇ ਇਹ VHS ਅਤੇ DVD ਫ਼ਾਰਮੈਟ ਵਿਚ, ਅੰਗਰੇਜ਼ੀ, ਪੰਜਾਬੀ, ਉਰਦੂ, ਬੰਗਾਲੀ ਅਤੇ ਚੀਨੀ ਭਾਸ਼ਾਵਾਂ ਵਿਚ ਤਿਆਰ ਕੀਤੀ ਗਈ ਹੈ।

ਜੇ ਤੁਸੀਂ ਵੀਡੀਓ ਜਾਂ DVD ਦੀ ਕਾਪੀ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਰੋਹਿਨੀ (Rohini) ਨਾਲ 0131-225-7246 'ਤੇ ਸੰਪਰਕ ਕਰੋ।

(ਐਡਨਬਰਾ ਅਤੇ ਗਲਾਸਗੋ ਵਿਚ ਵੀਡੀਓ ਲਾਂਚ ਕੀਤੇ ਜਾਣ ਸਮੇਂ ਦੀਆਂ ਫ਼ੋਟੋ)











## ਪੈਨਸ਼ਨ ਕ੍ਰੈਡਿਟ ਕੀ ਹੈ ?

ਪੈਨਸ਼ਨ ਕ੍ਰੈਡਿਟ 60 ਸਾਲ ਅਤੇ ਇਸਤੋਂ ਵਧ ਉਮਰ ਦੇ ਵਿਅਕਤੀਆਂ ਲਈ ਇਕ ਨਵੀਂ ਹੱਕਦਾਰੀ ਹੈ, ਜੋ ਅਕਤੂਬਰ 2003 ਤੋਂ ਸ਼ੁਰੂ ਕੀਤੀ ਜਾ ਰਹੀ ਹੈ। ਇਸਦਾ ਮਤਲਬ ਹੈ ਤੁਹਾਡੇ ਲਈ ਹਰ ਹਫ਼ਤੇ ਵਧੀਕ ਰਕਮ।
ਇਹ 60 ਸਾਲ ਅਤੇ ਇਸਤੋਂ ਵਧ ਉਮਰ ਦੇ ਲੋਕਾਂ ਲਈ ਗਾਰੰਟੀ ਕਰਦੀ ਹੈ ਘਟੋ ਘਟ :

- £102.10 ਪ੍ਰਤੀ ਹਫ਼ਤਾ ਜੇਕਰ ਤੁਸੀਂ ਇਕੱਲੇ ਹੋ; ਜਾਂ
- £155.80 ਪ੍ਰਤੀ ਹਫ਼ਤਾ ਜੇਕਰ ਤੁਹਾਡਾ ਸਾਥੀ ਹੈ।

*ਵਧੀਕ ਰਕਮ ਉਨ੍ਹਾਂ ਨੂੰ ਮਿਲ ਸਕਦੀ ਹੈ, ਜਿਨ੍ਹਾਂ ਨੂੰ ਦੇਖਭਾਲ ਲਈ ਅਲਾਉਂਸ, ਅਸਮਰਥਾ ਅਲਾਉਂਸ ਅਤੇ/ਜਾਂ ਦੇਖਭਾਲ ਕਰਤਾ ਪ੍ਰੀਮੀਅਮ ਮਿਲਦਾ ਹੈ (ਗੁੰਝਲਦਾਰ ਹੈ, ਇਸ ਲਈ ਸਲਾਹ ਲਓ)।*

ਇਹ ਪਹਿਲੀ ਵਾਰ ਹੈ ਕਿ 65 ਸਾਲ ਅਤੇ ਇਸਤੋਂ ਵਧ ਉਮਰ ਦੇ ਵਿਅਕਤੀਆਂ ਨੂੰ ਰਿਟਾਇਰ ਹੋਣ ਤੋਂ ਬਾਅਦ ਦੇ ਸਮੇਂ ਲਈ ਆਪਣੀਆਂ ਕੁਝ ਬੱਚਤਾਂ ਅਤੇ ਆਮਦਨ ਕਾਰਨ ਘਾਟੇ ਵਿਚ ਨਹੀਂ ਰਹਿਣਾ ਪਏਗਾ। ਬੀਤੇ ਸਮੇਂ ਵਿਚ ਥੋੜ੍ਹੀ ਬਹੁਤ ਬੱਚਤ ਕਰ ਸਕਣ ਵਾਲੇ ਵਿਅਕਤੀਆਂ ਦੀ ਹਾਲਤ ਉਨ੍ਹਾਂ ਵਿਅਕਤੀਆਂ ਨਾਲੋਂ ਕੋਈ ਬਹੁਤ ਚੰਗੀ ਨਹੀਂ ਹੁੰਦੀ ਸੀ, ਜਿਨ੍ਹਾਂ ਨੇ ਕੋਈ ਬੱਚਤ ਨਹੀਂ ਸੀ ਕੀਤੀ ਹੁੰਦੀ। ਪੈਨਸ਼ਨ ਕ੍ਰੈਡਿਟ ਦੁਆਰਾ ਉਨ੍ਹਾਂ ਵਿਅਕਤੀਆਂ ਨੂੰ ਨਵੀਂ ਰਕਮ ਮਿਲਣ ਨਾਲ, ਜਿਨ੍ਹਾਂ ਨੇ ਕੋਈ ਬੱਚਤ ਕੀਤੀ ਹੋਵੇ, ਇਹ ਹਾਲਤ ਬਦਲ ਜਾਏਗੀ।

ਇਸਦਾ ਮਤਲਬ ਹੈ :

- £14.79 ਪ੍ਰਤੀ ਹਫ਼ਤਾ ਜੇਕਰ ਤੁਸੀਂ ਇਕੱਲੇ ਹੋ; ਜਾਂ
- £19.20 ਪ੍ਰਤੀ ਹਫ਼ਤਾ ਜੇਕਰ ਤੁਹਾਡਾ ਸਾਥੀ ਹੈ।

ਅਜੇ ਤੁਹਾਨੂੰ ਕੁਝ ਕਰਨ ਦੀ ਲੋੜ ਨਹੀਂ। ਪੈਨਸ਼ਨ ਸਰਵਿਸ ਵਾਲੇ ਅਪਰੈਲ 2003 ਤੋਂ ਜੂਨ 2004 ਤਕ ਦੇ ਸਮੇਂ ਵਿਚ ਸਾਰੇ ਪੈਨਸ਼ਨਰਾਂ ਦੇ ਘਰਾਂ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਪੈਨਸ਼ਨ ਕ੍ਰੈਡਿਟ ਦੇ ਤੱਥਾਂ ਤੋਂ ਜਾਣੂ ਕਰਾਉਣਗੇ। ਡਾਕ ਰਾਹੀਂ ਆਉਣ ਵਾਲਾ ਇਹ ਪੈਕ ਹਰ ਵਿਅਕਤੀ ਦੇ ਹਾਲਾਤ ਮੁਤਾਬਿਕ ਹੋਏਗਾ ਅਤੇ ਇਹ ਸੂਚਨਾ ਵੀ ਦਿੱਤੀ ਹੋਵੇਗੀ, ਕਿ ਅਰਜ਼ੀ ਕਿਵੇਂ ਦੇਣੀ ਚਾਹੀਦੀ ਹੈ। ਲੋੜ ਅਨੁਸਾਰ ਦੁਭਾਸ਼ੀਏ ਦੀ ਸੇਵਾ ਵੀ ਪ੍ਰਦਾਨ ਕੀਤੀ ਜਾਏਗੀ।

## ਓਪਨ ਸਰਜਰੀਆਂ

ਬਜ਼ੁਰਗ ਲੋਕਾਂ ਲਈ ਆਵਾਸ ਅਤੇ ਇਨ੍ਹਾਂ ਹਾਉਸਿੰਗ ਐਸੋਸੀਏਸ਼ਨਾਂ ਵਿਚ ਨੌਕਰੀ ਦੇ ਅਵਸਰਾਂ ਬਾਰੇ ਸਲਾਹ ਅਤੇ ਸੂਚਨਾ ਨਿਰੰਤਰ ਸਾਡੀਆਂ ਓਪਨ ਸਰਜਰੀਆਂ ਵਿਚ ਉਪਲਬਧ ਹੈ। ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਅਦਾਰੇ ਅੰਦਰ ਓਪਨ ਸਰਜਰੀ ਦਾ ਪ੍ਰਬੰਧ ਕੀਤਾ ਜਾਏ, ਤਾਂ ਸਮਾਂ, ਤਾਰੀਖ਼ ਅਤੇ ਸਥਾਨ ਤੈਅ ਕਰਨ ਲਈ ਕਿਰਪਾ ਕਰਕੇ ਰੋਹਿਨੀ ਨਾਲ ਸੰਪਰਕ ਕਰੋ।

## ਥਿਸਲ (Thistle) ਟ੍ਰੈਵਲ ਕਾਰਡ

ਥਿਸਲ ਟ੍ਰੈਵਲ ਕਾਰਡ, ਤੁਹਾਨੂੰ ਪਬਲਿਕ ਟਰਾਂਸਪੋਰਟ ਦੀ ਵਰਤੋਂ ਵਿਚ ਮਦਦ ਦੇਣ ਲਈ ਇਕ ਨਵੀਂ ਸਫ਼ਰ ਸਕੀਮ ਹੈ। ਜੇ ਤੁਹਾਨੂੰ ਉਮਰ, ਅਸਮਰਥਾ, ਬੀਮਾਰੀ ਜਾਂ ਸਿਰਫ਼ ਵਿਸ਼ਵਾਸ ਦੀ ਘਾਟ ਕਾਰਨ ਪਬਲਿਕ ਟਰਾਂਸਪੋਰਟ ਦੀ ਵਰਤੋਂ ਕਰਨ ਵਿਚ ਔਖਿਆਈ ਹੁੰਦੀ ਹੈ, ਤਾਂ ਤੁਸੀਂ ਆਪਣੇ ਨਾਲ ਕਾਰਡ ਲਿਜਾ ਸਕਦੇ ਹੋ, ਜਿਸ ਨਾਲ ਤੁਹਾਡੇ ਲਈ ਬਸ, ਰੇਲ ਗਡੀ ਜਾਂ ਟੈਕਸੀ ਸੇਵਾਵਾਂ ਦੀ ਵਰਤੋਂ ਕਰਨਾ ਆਸਾਨ ਹੋ ਜਾਏਗਾ।

ਜਦੋਂ ਤੁਸੀਂ ਟਰਾਂਸਪੋਰਟ ਸਟਾਫ਼ ਨੂੰ ਇਹ ਕਾਰਡ ਵਿਖਾਉਗੇ, ਤਾਂ ਉਨ੍ਹਾਂ ਨੂੰ ਪਤਾ ਲਗ ਜਾਏਗਾ ਕਿ ਤੁਹਾਨੂੰ ਸਫ਼ਰ ਦੌਰਾਨ ਵਾਧੂ ਸਹਾਇਤਾ ਦੀ ਲੋੜ ਹੋ ਸਕਦੀ ਹੈ।

ਇਹ ਕਾਰਡ ਟਰਾਂਸਪੋਰਟ ਬੁਕਿੰਗ ਦਫ਼ਤਰਾਂ, ਡੇਅ ਸੈਂਟਰਾਂ, ਦੇਖਭਾਲ ਦੇ ਸੈਂਟਰਾਂ ਅਤੇ ਹੋਰ ਸਥਾਨਾਂ ’ਤੇ ਉਪਲਬਧ ਹੈ।

ਥਿਸਲ ਟ੍ਰੈਵਲ ਕਾਰਡ ਸਕੀਮ ਨੂੰ ਸਕਾਟਿਸ਼ ਐਗਜ਼ੈਕਟਿਵ ਅਤੇ ਟਰਾਂਸਪੋਰਟ ਕੰਪਨੀਆਂ ਦਾ ਸਮਰਥਨ ਪ੍ਰਾਪਤ ਹੈ।



ਇਹ ਕਰਕ ਕੇਅਰ, ਹੈਨੋਵਰ (ਸਕਾਟਲੈਂਡ) ਅਤੇ ਬੀਲਡ ਹਾਉਸਿੰਗ ਐਸੋਸੀਏਸ਼ਨਜ਼ ਦਾ ਸਾਂਝੀ ਪ੍ਰਕਾਸ਼ਨ ਹੈ। ਜੇ ਤੁਸੀਂ ਕਮਿਊਨਿਟੀਆਂ ਨੂੰ ਕਿਸੇ ਪ੍ਰੋਗਰਾਮ ਜਾਂ ਆਪਣੇ ਪ੍ਰਾਜੈਕਟ ਬਾਰੇ ਸੂਚਿਤ ਕਰਨਾ ਚਾਹੁੰਦੇ ਹੋ, ਅਤੇ ਉਸਦੀ ਇਸ਼ਤਿਹਾਰਬਾਜ਼ੀ ਇਸ ਨਿਊਜ਼ਲੈਟਰ (ਖ਼ਬਰਾਨਾਮੇ) ਵਿਚ ਕਰਨੀ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਹੇਠਾਂ ਦਿੱਤੇ ਪਤੇ ’ਤੇ ਲਿਖੋ ਜਾਂ ਫ਼ੋਨ ਕਰੋ :

Rohini Sharma
Housing Equal Opportunities Officer
Kirk Care Housing Association Ltd
9 Albyn Place
Edinburgh, EH2 4NG
Tel: 0131 225 7246
Email: rsharma@kirkcare.co.uk

**EDINBURGH**
Kirk Care Housing Association Limited,
3 Forres Street Edinburgh EH3 6BJ
Tel 0131 225 7246
Hanover (Scotland) Housing Association Limited, 36 Albany Street,
Edinburgh EH1 3QH
Tel: 0131 557 0598
Bield Housing Association Limited,
22 Windsor Street, Edinburgh EH7 5JR
Tel: 0131 273 4000

**GLASGOW**
Kirk Care Housing Association Limited,
25 Park Circus, Glasgow G3 6AP
Tel: 0141 341 3200
Hanover (Scotland) Housing Association Limited, 5 Newton Place,
Glasgow G3 7PR
Tel: 0141 353 1353
Bield Housing Association Limited,
12 Somerset Place, Glasgow G3 7JT
Tel: 0141 270 7200